ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ), ਫੋਨ ਨੰਬਰ:-0172-2212221

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਐ.ਸਿੱ.),ਪੰਜਾਬ।
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ,ਪੰਜਾਬ।

ਮੀਮੋ ਨੰਬਰ:E FILE No. 762620-SCERT EXAM 07/60/2024/313
ਮਿਤੀ: ਐਸ.ਏ.ਐਸ ਨਗਰ: 28-08-2026

ਵਿਸ਼ਾ:ਸੈਸ਼ਨ 2026-27 ਲਈ ਪੰਜਵੀਂ ਜਮਾਤ ਦੇ ਸਾਲਾਨਾ ਮੁਲਾਂਕਣ ਸੰਬਧੀ ਦਿਸ਼ਾ ਨਿਰਦੇਸ਼।

1. ਸੈਸ਼ਨ 2026-27 ਲਈ ਪੰਜਵੀਂ ਜਮਾਤ ਦਾ ਸਲਾਨਾ ਮੁਲਾਂਕਣ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਸੰਸਥਾ,ਪੰਜਾਬ ਦੁਆਰਾ ਕਰਵਾਇਆ ਜਾਵੇਗਾ।
2. ਸੈਸ਼ਨ 2026-27 ਲਈ ਪੰਜਵੀਂ ਜਮਾਤ ਦਾ ਮੁਲਾਂਕਣ ਕੇਂਦਰੀਕ੍ਰਿਤ ਪ੍ਰਣਾਲੀ ਅਨੁਸਾਰ ਲਰਨਿੰਗ ਆਊਟਕਮ ਇਵੈਲੂਏਸ਼ਨ ਸਿਸਟਮ ਰਾਹੀਂ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਸੰਸਥਾ,ਪੰਜਾਬ ਦੁਆਰਾ ਕਰਵਾਇਆ ਜਾਵੇਗਾ।
3. ਸੈਸ਼ਨ 2026-27 ਲਈ ਪੰਜਵੀਂ ਜਮਾਤ ਦਾ ਮੁਲਾਂਕਣ ਕਰਵਾਉਣ ਲਈ ਸੰਬਧਤ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਨੋਡਲ ਅਫਸਰ ਹੋਣਗੇ ਅਤੇ ਸਬੰਧਤ ਬਲਾਕ ਸਿੱਖਿਆ ਅਫਸਰ ਸਹਾਇਕ ਨੋਡਲ ਅਫਸਰ ਹੋਣਗੇ।
4. ਸੈਸ਼ਨ 2026-27 ਲਈ ਪੰਜਵੀਂ ਜਮਾਤ ਦੇ ਮੁਲਾਂਕਣ ਲਈ ਸਿਲੇਬਸ ਅਪ੍ਰੈਲ -2026 ਤੋਂ ਫਰਵਰੀ-2027 ਤੱਕ ਦਾ ਹੋਵੇਗਾ। ਮੁਲਾਂਕਣ ਟੂਲ ਦੀ ਬਣਤਰ/ਨੰਬਰ ਪਿਛਲੇ ਸਾਲ ਵਰਗੀ ਹੀ ਹੋਵੇਗੀ।
5. ਵਿਭਾਗ ਵੱਲੋਂ ਇਸ ਸਲਾਨਾ ਮੁਲਾਂਕਣ ਲਈ ਕੇਵਲ ਪੰਜਾਬੀ, ਹਿੰਦੀ, ਅੰਗਰੇਜ਼ੀ ਅਤੇ ਗਣਿਤ ਤੇ ਵਾਤਾਵਰਣ ਵਿਸ਼ੇ ਦੇ ਤਿੰਨ ਭਾਸ਼ੀ ਮੁਲਾਂਕਣ ਟੂਲ ਤਿਆਰ ਕੀਤੇ ਜਾਣਗੇ।
6. ਵਿਭਾਗ ਵੱਲੋਂ ਭੇਜੇ ਜਾਣ ਵਾਲੇ ਮੁਲਾਂਕਣ ਟੂਲ ਦੇ ਹਰ ਇੱਕ ਵਿਸ਼ੇ ਦੇ 80 ਨੰਬਰ ਮੁਲਾਂਕਣ ਟੂਲ ਹੋਣਗੇ ਅਤੇ 20 ਨੰਬਰ ਸੀ.ਸੀ.ਈ ਦੇ ਆਧਾਰ ਤੇ ਹੋਣਗੇ।
7. ਉਪਰੋਕਤ ਅੰਕਿਤ ਵਿਸ਼ਿਆਂ ਦੇ ਮੁਲਾਂਕਣ ਟੂਲ ਕੇਂਦਰੀਕ੍ਰਿਤ ਪ੍ਰਣਾਲੀ ਅਨੁਸਾਰ ਲਰਨਿੰਗ ਆਊਟਕਮ ਇਵੈਲੂਏਸ਼ਨ ਸਿਸਟਮ ਰਾਹੀਂ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਸੰਸਥਾ, ਪੰਜਾਬ ਦੁਆਰਾ ਪ੍ਰਿੰਟ ਕਰਵਾਕੇ ਬਲਾਕ ਪੱਧਰ ਤੇ ਮੁਹੱਈਆ ਕਰਵਾਏ ਜਾਣਗੇ।
8. ਮੁਲਾਂਕਣ ਕੇਂਦਰਾਂ ਤੱਕ ਮੁਲਾਂਕਣ ਟੂਲ ਪਹੁੰਚਾਉਣ ਦਾ ਪ੍ਰਬੰਧ ਕਰਨ ਦੀ ਜਿੰਮੇਵਾਰੀ ਸੰਬਧਤ ਬਲਾਕ ਸਿੱਖਿਆ ਅਫਸਰ ਦੀ ਹੋਵੇਗੀ।
9. ਉਕਤ ਪੰਜ ਵਿਸ਼ਿਆਂ ਤੋਂ ਇਲਾਵਾ ਹੋਰ ਵਿਸ਼ੇ ਅਤੇ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਦੇ ਮੁਲਾਂਕਣ ਟੂਲ ਸੰਬਧਤ ਜ਼ਿਲਾ ਸਿੱਖਿਆ ਅਫਸਰ (ਐ.ਸਿ.) ਵਲੋਂ ਆਪਣੇ ਪੱਧਰ ਤੇ ਤਿਆਰ ਕਰਵਾਏ ਜਾਣਗੇ।
10. ਪਿਛਲੇ ਸਾਲਾਂ ਦੀ ਤਰ੍ਹਾਂ ਸੈਸ਼ਨ 2026-27 ਲਈ ਪੰਜਵੀਂ ਜਮਾਤ ਦੇ ਮੁਲਾਂਕਣ ਲਈ ਮੁਲਾਂਕਣ ਕੇਂਦਰ ਸੰਬਧਤ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਦੀ ਨਿਗਰਾਨੀ ਹੇਠ ਸੰਬਧਤ ਬਲਾਕ ਸਿੱਖਿਆ ਅਫਸਰ ਵਲੋਂ ਵਿਦਿਆਰਥੀਆਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਤਰਾਂ ਬਣਾਏ ਜਾਣਗੇ ਕਿ ਮੁਲਾਂਕਣ ਕੇਂਦਰ ਵਿਦਿਆਰਥੀਆਂ ਦੇ ਪਿਤਰੀ ਸਕੂਲ ਜਾਂ ਉਸ ਦੇ ਨੇੜੇ ਹੋਣ।
11. ਇੱਕ ਮੁਲਾਂਕਣ ਕੇਂਦਰ ਵਿੱਚ ਇੱਕ ਕਮਰੇ ਵਿੱਚ ਜਿਆਦਾ ਤੋਂ ਜਿਆਦਾ 30 ਵਿਦਿਆਰਥੀ ਹੋਣਗੇ ਅਤੇ 30 ਵਿਦਿਆਰਥੀਆਂ ਤੇ ਇੱਕ ਨਿਗਰਾਨ ਕਮ ਪ੍ਰੀਖਿਅਕ ਦੀ ਡਿਊਟੀ ਲਗਾਈ ਜਾਵੇਗੀ।

12. ਇਸ ਮੁਲਾਂਕਣ ਲਈ ਨਿਗਰਾਨ ਕਮ ਪ੍ਰੀਖਿਅਕ ਦੀ ਡਿਊਟੀ ਜਿਲ੍ਹਾ ਸਿੱਖਿਆ ਅਫਸਰ(ਐ.ਸਿ.) ਦੁਆਰਾ ਅੰਤਰ ਬਲਾਕ ਲਗਾਈ ਜਾਵੇਗੀ।
13. ਇਹ ਨਿਗਰਾਨ ਕਮ ਪ੍ਰੀਖਿਅਕ ਪਹਿਲਾਂ 9 ਵਜੇ ਤੋਂ 12 ਵਜੇ ਤੱਕ ਬਤੌਰ ਨਿਗਰਾਨ ਡਿਊਟੀ ਦੇਣਗੇ ਅਤੇ ਉਸੇ ਦਿਨ 12.20 ਤੋਂ ਬਾਅਦ ਦੁਪਿਹਰ 2.20 ਵਜੇ ਤੱਕ ਮੁਲਾਂਕਣ ਟੂਲ ਦੀ ਚੈਕਿੰਗ ਕਰਕੇ ਲਿਸਟ ਸੈਂਟਰ ਹੈੱਡ ਟੀਚਰ ਨੂੰ ਸੌਂਪਣਗੇ।
14. ਸੈਂਟਰ ਹੈੱਡ ਟੀਚਰ ਮੁਲਾਂਕਣ ਪ੍ਰਕਿਰਿਆ ਖਤਮ ਹੋਣ ਤੋਂ ਇੱਕ ਦਿਨ ਬਾਅਦ ਹਰ ਵਿਸ਼ੇ ਦੇ ਅੰਕ ਈ ਪੰਜਾਬ ਪੋਰਟਲ ਤੇ ਅਪਲੋਡ ਕਰਨਗੇ।
15. ਮੁਲਾਂਕਣ ਉਪਰੰਤ ਵਰਤੇ ਗਏ ਅਤੇ ਅਣਵਰਤੇ ਮੁਲਾਂਕਣ ਟੂਲ ਸੈਂਟਰ ਹੈੱਡ ਟੀਚਰ ਦੁਆਰਾ ਸੰਭਾਲ ਕੇ ਰੱਖੇ ਜਾਣਗੇ।
16. ਇਸ ਮੁਲਾਂਕਣ ਦਾ ਨਤੀਜਾ ਬਲਾਕ ਪੱਧਰ ਤੇ ਐਮ.ਆਈ.ਐਸ ਦੀ ਮਦਦ ਦੇ ਨਾਲ ਤਿਆਰ ਕੀਤਾ ਜਾਵੇਗਾ।
17. ਮੁਲਾਂਕਣ ਪ੍ਰਕਿਰਿਆ ਖਤਮ ਹੋਣ ਤੋਂ ਤਿੰਨ ਦਿਨਾਂ ਦੇ ਅੰਦਰ ਅੰਦਰ ਸੰਬਧਤ ਬਲਾਕ ਸਿੱਖਿਆ ਅਧਿਕਾਰੀ ਵੱਲੋਂ ਬਲਾਕ ਵਾਈਜ਼ ਨਤੀਜਾ ਤਿਆਰ ਕੀਤਾ ਜਾਵੇਗਾ।
18. ਐਮ.ਆਈ.ਐਸ ਦੁਆਰਾ ਈ ਪੰਜਾਬ ਪੋਟਰਲ ਤੇ ਇਵੈਲੂਏਸ਼ਨ ਲਿੰਕ ਤਿਆਰ ਕੀਤਾ ਜਾਵੇਗਾ ਜਿਸ ਤੇ ਕਲਸਟਰ ਪੱਧਰ ਤੇ ਹੀ ਅੰਕ ਅਪਲੋਡ ਕਰ ਦਿੱਤੇ ਜਾਣਗੇ।
19. ਇਸ ਮੁਲਾਂਕਣ ਨੂੰ ਆਨ ਲਾਇਨ ਕਰਨ ਲਈ(ਸੀ.ਸੀ.ਈ ਭਰਨਾ,ਰੋਲ ਨੰਬਰ ਜਾਰੀ ਕਰਨਾ, ਨਤੀਜਾ ਤਿਆਰ ਕਰਨਾ ਅਤੇ ਨਤੀਜੇ ਦਾ ਵਿਸ਼ਲੇਸ਼ਨ ਆਦਿ) ਪੋਰਟਲ ਨੂੰ ਬਨਾਉਣ ਅਤੇ ਓਪਰੇਟ ਕਰਨ ਦੀ ਜਿੰਮੇਵਾਰੀ ਸਟੇਟ ਐਮ.ਆਈ.ਐਸ ਟੀਮ ਦੀ ਹੋਵੇਗੀ।
20. ਪੰਜਵੀਂ ਜਮਾਤ ਦੇ ਪੋਰਟਲ ਅਤੇ ਇਸ ਪੋਰਟਲ ਸੰਬੰਧੀ ਦਿਸ਼ਾ ਨਿਰਦੇਸ਼ ਸੰਬੰਧੀ ਐਸ. ਸੀ. ਈ. ਆਰ. ਟੀ. ਵਿਭਾਗ ਵੱਲੋਂ ਵੱਖਰੇ ਤੋਰ ਤੇ ਪੱਤਰ ਜਾਰੀ ਕੀਤਾ ਜਾਵੇਗਾ।

ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ।

ਕਿਰਨ ਸ਼ਰਮਾ(ਪੀ.ਸੀ.ਐਸ)
ਡਾਇਰੈਕਟਰ ਐਸ.ਸੀ.ਈ.ਆਰ.ਟੀ.ਪੰਜਾਬ।

ਪਿਠ ਅੰਕਣ ਨੰ. ਉਕਤ

ਮਿਤੀ: ਸ.ਅ.ਸ ਨਗਰ; 28-08-2026

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ।

1. ਪੀ.ਏ.ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਪੀ.ਏ.ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
3. ਪੀ.ਏ. ਟੂ ਡਾਇਰੈਕਟਰ ਸਕੂਲ ਐਜੂਕੇਸ਼ਨ(ਐ.ਸਿੱ.), ਪੰਜਾਬ।
4. ਸਬੰਧਤ ਸਕੂਲ ਮੁੱਖੀ(ਸਰਕਾਰੀ/ਗੈਰ ਸਰਕਾਰੀ)ਵੈਬਸਾਇਟ ਰਾਹੀਂ।

ਸੁਪਰਡੰਟ (ਪ੍ਰੀਖਿਆ)
ਐਸ.ਸੀ.ਈ.ਆਰ.ਟੀ. ਪੰਜਾਬ।